ਮਾੱਡਲ ਟੈਸਟ ਪੇਪਰ

ਸ਼੍ਰੇਣੀ - ਦਸਵੀਂ

ਵਿਸ਼ਾ - ਸੰਗੀਤ (ਤਬਲਾ)

ਸੈਸ਼ਨ - 2024-2025

ਸਮਾਂ - 3 ਘੰਟੇ

ਕੁਲ ਅੰਕ – 45

ਭਾਗ - ੳ

1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ,12 ਤੋਂ 17 ਖਾਲੀ ਥਾਵਾਂ,18 ਤੋਂ 23 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰੇਕ ਪ੍ਰਸ਼ਨ 1ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਤਬਲੇ ਦੇ ਵੱਡੇ ਭਾਗ ਨੂੰ ਕੀ ਕਹਿੰਦੇ ਹਨ?
2. ਪਖਾਵਜ ਦਾ ਆਕਾਰ ਤਬਲੇ ਤੋਂ ਛੋਟਾ ਹੁੰਦਾ ਜਾਂ ਵੱਡਾ?
3. ਲੈਅ ਤੋਂ ਕੀ ਭਾਵ ਹੈ?
4. ਉਸਤਾਦ ਮੀਆਂ ਕਾਦਰ ਬਖਸ਼ ਜੀ ਦਾ ਜਨਮ ਕਦੋਂ ਹੋਇਆ?
5. ਉਸਤਾਦ ਬਹਾਦਰ ਸਿੰਘ ਜੀ ਨੇ ਕਿਸ ਪਾਸੋਂ ਤਬਲੇ ਦੀ ਸਿਖਿਆ ਪ੍ਰਾਪਤ ਕੀਤੀ?
6. ਪਲਟੇ ਤੋਂ ਕੀ ਭਾਵ ਹੈ?
7. ਤਿੰਨਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
8. ਝੱਪਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ?
9. ਇੱਕਤਾਲ ਵਿੱਚ ਕਿਹੜੀ ਮਾਤਰਾ ਤੇ ਤਾਲੀ ਲੱਗਦੀ ਹੈ?
10. ਤਿੰਨਤਾਲ ਵਿੱਚ ਸਮ ਕਿਸ ਮਾਤਰਾ ਤੇ ਹੁੰਦਾ ਹੈ?
11. ਝੱਪਤਾਲ ਵਿੱਚ ਕਿਹੜੀ ਮਾਤਰਾ ਖਾਲੀ ਹੁੰਦੀ ਹੈ?

(11X1=11)

(ਖ) ਖਾਲੀ ਥਾਵਾਂ

12. ਤਾਲੀ ਲਈ _________ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ।
13. ਨਗਮੇਂ ਨੂੰ _________ਵੀ ਆਖਦੇ ਹਨ?
14. ਦਰੁੱਤ ਲੈਅ ਦੀ ਚਾਲ _________ ਹੁੰਦੀ ਹੈ?
15. ਗਾਇਨ, ਵਾਦਨ ਅਤੇ ਨ੍ਰਿਤ ਨੂੰ_________ਆਖਦੇ ਹਨ?
16. ਇੱਕਤਾਲ ਵਿੱਚ _________ਵਿਭਾਗ ਹੁੰਦੇ ਹਨ?
17. ਝੱਪਤਾਲ ਵਿੱਚ _________ ਮਾਤਰਾ ਖਾਲੀ ਹੁੰਦੀ ਹੈ।

(6X1=6)

(ਗ) ਸਹੀ/ਗ਼ਲਤ

18. ਤਬਲੇ ਦੀ ਪੁੜੀ ਹਾਥੀ ਦੀ ਖੱਲ ਦੀ ਬਣੀ ਹੁੰਦੀ ਹੈ।
19. ਉਸਤਾਦ ਬਹਾਦੁਰ ਸਿੰਘ ਜੀ ਨੇ ਤਬਲਾ ਉਸਤਾਦ ਜ਼ਾਕਿਰ ਹੁਸੈਨ ਜੀ ਪਾਸੋਂ ਸਿੱਖਿਆ।
20. ਦਰੁੱਤ ਲੈਅ ਵਿੱਚ ਤਰਾਨਾ ਗਾਇਆ ਜਾਂਦਾ ਹੈ।
21. ਤਿੰਨਤਾਲ ਵਿੱਚ ਵੱਡਾ ਖਿਆਲ ਗਾਇਆ ਜਾਂਦਾ ਹੈ।
22. ਇੱਕਤਾਲ ਤਬਲੇ ਦੀ ਤਾਲ ਹੈ।
23. ਤਬਲੇ ਵਿੱਚ ਗਜਰੇ ਨਾਲ ਬਧੀਆਂ ਬੰਨਿਆ ਜਾਂਦੀਆਂ ਨੇ।

(6X1=6)

ਭਾਗ - ਅ

24 ਤੋਂ 31 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 6 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ।

24. ਸੰਗੀਤ ਵਿੱਚ ਲੈਅ ਦੀ ਮਹੱਤਤਾ ਬਾਰੇ ਲਿਖੋ।
25. ਤਬਲੇ ਨੂੰ ਮਿਲਾਣ ਦੇ ਕੋਈ ਚਾਰ ਨਿਯਮ ਲਿਖੋ।
26. ਉਠਾਨ ਬਾਰੇ ਸੰਖੇਪ ਵਿੱਚ ਲਿਖੋ।
27. ਅਤੀਤ ਗ੍ਰਹਿ ਬਾਰੇ ਲਿਖੋ।
28. ਸਮ ਬਾਰੇ ਸੰਖੇਪ ਵਿੱਚ ਲਿਖੋ।
29. ਤਿੰਨਤਾਲ ਦਾ ਪਰਿਚੈ ਲਿਖੋ।
30. ਝੱਪਤਾਲ ਦਾ ਪਰਿਚੈ ਲਿਖੋ।
31. ਇੱਕਤਾਲ ਨੂੰ ਦੁਗੁਣ ਦੀ ਲੈਅ ਵਿੱਚ ਲਿਖੋ।

(6X2=12)

ਭਾਗ – ੲ

32-35 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ।

32. ਉਸਤਾਦ ਬਹਾਦੁਰ ਸਿੰਘ ਜੀ ਦੇ ਜੀਵਨ ਬਾਰੇ ਲਿਖੋ।
33. ਉਸਤਾਦ ਮੀਆਂ ਕਾਦਰ ਬਖਸ਼ ਦੀ ਸੰਗੀਤ ਨੂੰ ਦੇਣ ਬਾਰੇ ਲਿਖੋ।
34. ਤਿੰਨਤਾਲ ਵਿੱਚ ਕੋਈ ਪੰਜ ਉਠਾਨਾਂ ਲਿਖੋ।
35. ਇੱਕਤਾਲ ਵਿੱਚ ਕੋਈ ਪੰਜ ਤਿਹਾਈਆਂ ਲਿਖੋ।

(2X5=10)